ਆਪਣਾ ਪੰਜਾਬ ਫਾਊਂਡੇਸ਼ਨ

**APNA PUNJAB FOUNDATION**

CARES FOR HEALTH, EDUCATION & ENVIRONMENT

HEAD OFFICE : A-24, DR AMBEDKAR SOCIETY, SECTOR 76, S.A.S. NAGAR, PUNJAB (INDIA)

Ph.: +91-92162-41301 Email Id : apnapunjab131313@gmail.com

Ref. No.: APF/(Punjabi Diwas)/2026/0089 Date: 17.09.2026

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ

ਪੰਜਾਬ

**ਵਿਸ਼ਾ: 23 ਸਤੰਬਰ 2026 ਨੂੰ ਸਮੂਹ ਸਕੂਲਾਂ ਵਿੱਚ 'ਵਿਸ਼ਵ ਪੰਜਾਬੀ ਦਿਵਸ' ਮਨਾਉਣ ਅਤੇ "ਮੇਰੀ ਪੰਜਾਬੀ-ਮੇਰਾ ਮਾਣ" ਮੁਹਿੰਮ ਤਹਿਤ ਗਤੀਵਿਧੀਆਂ ਕਰਵਾਉਣ ਸਬੰਧੀ।**

ਸਤਿਕਾਰਯੋਗ ਜੀ,

ਪੰਜਾਬੀ ਸਾਡੀ ਮਾਂ-ਬੋਲੀ, ਸਾਡੀ ਪਛਾਣ ਅਤੇ ਸਾਡੀ ਅਮੀਰ ਭਾਸ਼ਾਈ ਤੇ ਸੱਭਿਆਚਾਰਕ ਵਿਰਾਸਤ ਦਾ ਅਹਿਮ ਹਿੱਸਾ ਹੈ। ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਅਤੇ ਇਸ ਦੀ ਵਰਤੋਂ ਨੂੰ ਰੋਜ਼ਾਨਾ ਜੀਵਨ ਦੇ ਨਾਲ-ਨਾਲ ਡਿਜੀਟਲ ਯੁੱਗ ਵਿੱਚ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ 23 ਸਤੰਬਰ ਨੂੰ 'ਵਿਸ਼ਵ ਪੰਜਾਬੀ ਦਿਵਸ' ਵਜੋਂ ਮਨਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਇਸੇ ਲੜੀ ਤਹਿਤ 23 ਸਤੰਬਰ 2026 ਨੂੰ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ "ਮੇਰੀ ਪੰਜਾਬੀ-ਮੇਰਾ ਮਾਣ" ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਪਿਆਰ, ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਅਤੇ ਪੰਜਾਬੀ ਨੂੰ ਸਿੱਖਿਆ, ਰੋਜ਼ਾਨਾ ਜੀਵਨ ਅਤੇ ਡਿਜੀਟਲ ਸੰਸਾਰ ਵਿੱਚ ਹੋਰ ਵੱਧ ਵਰਤੋਂ ਵਿੱਚ ਲਿਆਉਣਾ ਹੈ।

ਇਸ ਲਈ ਆਪ ਜੀ ਨੂੰ ਨਿਮਰ ਬੇਨਤੀ ਹੈ ਕਿ 23 ਸਤੰਬਰ 2026 ਨੂੰ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਆਪਣੀ ਸਹੂਲਤ ਅਨੁਸਾਰ ਕਰਵਾਉਣ ਲਈ ਲੋੜੀਂਦੇ ਨਿਰਦੇਸ਼ ਜਾਰੀ ਕਰਨ ਦੀ ਕਿਰਪਾਲਤਾ ਕੀਤੀ ਜਾਵੇ:

**1. "23 ਸਤੰਬਰ-ਮੇਰਾ ਦਸਤਖ਼ਤ, ਮੇਰੀ ਪੰਜਾਬੀ"**

ਵਿਦਿਆਰਥੀਆਂ ਅਤੇ ਸਕੂਲ ਸਟਾਫ਼ ਨੂੰ ਇਸ ਦਿਨ ਪੰਜਾਬੀ (ਗੁਰਮੁਖੀ) ਵਿੱਚ ਦਸਤਖ਼ਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਇਸ ਗਤੀਵਿਧੀ ਦੀਆਂ ਤਸਵੀਰਾਂ ਸਕੂਲ ਦੇ ਸੋਸ਼ਲ ਮੀਡੀਆ ਪੇਜਾਂ 'ਤੇ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ।

ਆਪਣਾ ਪੰਜਾਬ ਫਾਊਂਡੇਸ਼ਨ
APNA PUNJAB FOUNDATION
CARES FOR HEALTH, EDUCATION & ENVIRONMENT
HEAD OFFICE : A-24, DR AMBEDKAR SOCIETY, SECTOR 76, S.A.S. NAGAR, PUNJAB (INDIA)
Ph.: +91-92162-41301 Email Id : apnapunjab131313@gmail.com

**2. "ਇੱਕ ਲਿਖਤ ਪੰਜਾਬੀ ਦੇ ਨਾਮ"**

ਵਿਦਿਆਰਥੀ ਆਪਣੀ ਕੋਈ ਮੌਲਿਕ ਕਵਿਤਾ, ਕਹਾਣੀ, ਵਿਚਾਰ, ਲੇਖ, ਯਾਦ ਜਾਂ ਹੋਰ ਪੰਜਾਬੀ ਰਚਨਾ ਲਿਖ ਕੇ ਸਾਂਝੀ ਕਰਨ। ਇਸ ਨਾਲ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਪੰਜਾਬੀ ਲਿਖਣ ਦੀ ਰੁਚੀ ਨੂੰ ਉਤਸ਼ਾਹ ਮਿਲੇਗਾ।

**3. "ਆਪਣੇ ਹੱਥੀਂ ਪੰਜਾਬੀ ਪੈਂਤੀ"**

ਵਿਦਿਆਰਥੀ ਅਤੇ ਅਧਿਆਪਕ ਆਪਣੇ ਹੱਥੀਂ ਪੰਜਾਬੀ ਪੈਂਤੀ/ਗੁਰਮੁਖੀ ਅੱਖਰ ਸੁੰਦਰ ਲਿਖਾਈ ਵਿੱਚ ਲਿਖਣ। ਇਹ ਗਤੀਵਿਧੀ ਕਾਗਜ਼, ਸਲੇਟ ਜਾਂ ਫੱਟੀ ਉੱਪਰ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਤਸਵੀਰ/ਵੀਡੀਓ ਸਾਂਝੀ ਕੀਤੀ ਜਾ ਸਕਦੀ ਹੈ।

**4. "ਮੇਰਾ ਮੋਬਾਈਲ-ਮੇਰੀ ਪੰਜਾਬੀ"**

ਵਿਦਿਆਰਥੀਆਂ ਨੂੰ ਪੰਜਾਬੀ ਦੀ ਡਿਜੀਟਲ ਵਰਤੋਂ ਲਈ ਪ੍ਰੇਰਿਤ ਕੀਤਾ ਜਾਵੇ, ਜਿਵੇਂ:

- ਮੋਬਾਈਲ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਕਰਨਾ।
- ਪੰਜਾਬੀ ਕੀ-ਬੋਰਡ ਦੀ ਵਰਤੋਂ ਕਰਨਾ।
- ਪੰਜਾਬੀ ਵਿੱਚ ਗੁੀਵਤੰਬਬ ਸੁਨੇਹੇ ਭੇਜਣਾ।
- ਪੰਜਾਬੀ ਵਿੱਚ ਇੰਟਰਨੈੱਟ 'ਤੇ ਖੋਜ ਕਰਨਾ।
- ਪੰਜਾਬੀ ਵਿੱਚ ਸੋਸ਼ਲ ਮੀਡੀਆ ਪੋਸਟਾਂ ਸਾਂਝੀਆਂ ਕਰਨਾ।

**5. "ਪੰਜਾਬੀ ਅਤੇ AI"**

ਵਿਦਿਆਰਥੀਆਂ ਨੂੰ ਪੰਜਾਬੀ ਸਮੱਗਰੀ ਨੂੰ ਡਿਜੀਟਲ ਰੂਪ ਵਿੱਚ ਉਪਲਬਧ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ। ਉਹ ਪੰਜਾਬੀ ਵਿੱਚ ਲੇਖ, ਕਹਾਣੀਆਂ, ਕਵਿਤਾਵਾਂ, ਸ਼ਬਦ, ਮੁਹਾਵਰੇ ਅਤੇ ਹੋਰ ਭਾਸ਼ਾਈ ਸਮੱਗਰੀ ਡਿਜੀਟਲ ਰੂਪ ਵਿੱਚ ਤਿਆਰ ਜਾਂ ਸਾਂਝੀ ਕਰ ਸਕਦੇ ਹਨ।

**6. "23 ਸਤੰਬਰ-ਇੱਕ ਕਿਤਾਬ, ਪੰਜਾਬੀ ਦੇ ਨਾਮ"**

ਵਿਦਿਆਰਥੀਆਂ ਨੂੰ ਇਸ ਦਿਨ ਪੰਜਾਬੀ ਦੀ ਇੱਕ ਕਿਤਾਬ ਪੜ੍ਹਨ, ਖਰੀਦਣ ਜਾਂ ਕਿਸੇ ਬੱਚੇ ਨੂੰ ਪੰਜਾਬੀ ਦੀ ਕਿਤਾਬ ਤੋਹਫ਼ੇ ਵਜੋਂ ਦੇਣ ਲਈ ਪ੍ਰੇਰਿਤ ਕੀਤਾ ਜਾਵੇ। ਪੁਰਾਣੀਆਂ ਪੰਜਾਬੀ ਕਿਤਾਬਾਂ ਨੂੰ ਸਕੂਲ ਲਾਇਬ੍ਰੇਰੀ ਵਿੱਚ ਦਾਨ ਕਰਨ ਲਈ ਵੀ ਉਤਸ਼ਾਹਿਤ ਕੀਤਾ ਜਾਵੇ।

**7. "ਵਿਰਾਸਤ ਦੀ ਆਵਾਜ਼"**

ਵਿਦਿਆਰਥੀ ਆਪਣੇ ਘਰ ਦੇ ਬਜ਼ੁਰਗਾਂ ਨਾਲ ਪੰਜਾਬੀ ਵਿੱਚ ਗੱਲਬਾਤ ਕਰਕੇ ਪੁਰਾਣੀਆਂ ਕਹਾਣੀਆਂ, ਲੋਕ-ਗੀਤ, ਮੁਹਾਵਰੇ, ਅਖਾਣ, ਲੋਕ-ਰਵਾਇਤਾਂ ਅਤੇ ਪਰਿਵਾਰ ਜਾਂ ਪਿੰਡ ਦੀਆਂ ਪੁਰਾਣੀਆਂ ਯਾਦਾਂ ਇਕੱਠੀਆਂ ਕਰਨ ਅਤੇ ਸੰਭਾਲਣ।

ਆਪਣਾ ਪੰਜਾਬ ਫਾਊਂਡੇਸ਼ਨ
APNA PUNJAB FOUNDATION
CARES FOR HEALTH, EDUCATION & ENVIRONMENT
HEAD OFFICE : A-24, DR AMBEDKAR SOCIETY, SECTOR 76, S.A.S. NAGAR, PUNJAB (INDIA)
Ph.: +91-92162-41301 Email Id : apnapunjab131313@gmail.com

2026118286

8. "ਇੱਕ ਮਿੰਟ ਪੰਜਾਬੀ"

ਵਿਦਿਆਰਥੀ ਇੱਕ ਮਿੰਟ ਦੀ ਛੋਟੀ ਵੀਡੀਓ ਬਣਾਉਣ, ਜਿਸ ਵਿੱਚ ਉਹ ਦੱਸਣ-"ਮੇਰੇ ਲਈ ਪੰਜਾਬੀ ਕੀ ਹੈ?" ਇਹਨਾਂ ਵੀਡੀਓਜ਼ ਨੂੰ ਸਕੂਲ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਂਝਾ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ, ਸਕੂਲਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਕਿ ਉਹ "ਮੇਰੀ ਪੰਜਾਬੀ-ਮੇਰਾ ਮਾਣ" ਮੁਹਿੰਮ ਨਾਲ ਸਬੰਧਤ ਆਪਣੀਆਂ ਗਤੀਵਿਧੀਆਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਨ ਅਤੇ ਮੁਹਿੰਮ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਮਾਪਿਆਂ ਤੱਕ ਪਹੁੰਚਾਉਣ।

ਇਸ ਮੌਕੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ "ਅੱਖਰਪੀਡੀਆ" ਨਾਮਕ ਡਿਜੀਟਲ ਉਪਰਾਲਾ ਵੀ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਦਾ ਉਦੇਸ਼ ਪੰਜਾਬੀ ਦੇ ਸ਼ਬਦ-ਭੰਡਾਰ, ਰਚਨਾਵਾਂ, ਲੋਕ-ਸਾਹਿਤ ਅਤੇ ਹੋਰ ਭਾਸ਼ਾਈ ਸਮੱਗਰੀ ਨੂੰ ਡਿਜੀਟਲ ਰੂਪ ਵਿੱਚ ਸੰਭਾਲਣਾ ਅਤੇ ਪੰਜਾਬੀ ਦੀ ਡਿਜੀਟਲ ਮੌਜੂਦਗੀ ਨੂੰ ਮਜ਼ਬੂਤ ਕਰਨਾ ਹੈ। ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਇਸ ਤਰ੍ਹਾਂ ਦੀ ਪੰਜਾਬੀ ਸਮੱਗਰੀ ਤਿਆਰ ਕਰਨ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਆਪ ਜੀ ਨੂੰ ਨਿਮਰ ਬੇਨਤੀ ਹੈ ਕਿ 23 ਸਤੰਬਰ 2026 ਨੂੰ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ 'ਵਿਸ਼ਵ ਪੰਜਾਬੀ ਦਿਵਸ' ਮਨਾਉਣ ਅਤੇ ਉਪਰੋਕਤ ਗਤੀਵਿਧੀਆਂ ਕਰਵਾਉਣ ਸਬੰਧੀ ਢੁਕਵੇਂ ਨਿਰਦੇਸ਼ ਜਾਰੀ ਕੀਤੇ ਜਾਣ।

ਸਾਨੂੰ ਪੂਰਾ ਵਿਸ਼ਵਾਸ ਹੈ ਕਿ ਸਕੂਲਾਂ ਦੀ ਸਰਗਰਮ ਭਾਗੀਦਾਰੀ ਨਾਲ "ਮੇਰੀ ਪੰਜਾਬੀ-ਮੇਰਾ ਮਾਣ" ਮੁਹਿੰਮ ਨੂੰ ਇੱਕ ਵਿਆਪਕ ਲੋਕ-ਮੁਹਿੰਮ ਦਾ ਰੂਪ ਮਿਲੇਗਾ ਅਤੇ ਵਿਦਿਆਰਥੀਆਂ ਵਿੱਚ ਆਪਣੀ ਮਾਂ-ਬੋਲੀ ਪ੍ਰਤੀ ਪਿਆਰ, ਮਾਣ ਅਤੇ ਜ਼ਿੰਮੇਵਾਰੀ ਦੀ ਭਾਵਨਾ ਹੋਰ ਮਜ਼ਬੂਤ ਹੋਵੇਗੀ।

ਧੰਨਵਾਦ ਸਹਿਤ

ਜਗਜੀਤ ਸਿੰਘ

ਡਾ. ਜਗਜੀਤ ਸਿੰਘ ਧੂਰੀ
ਸੰਸਥਾਪਕ ਅਤੇ ਪ੍ਰਧਾਨ
ਆਪਣਾ ਪੰਜਾਬ ਫਾਊਂਡੇਸ਼ਨ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 5051 ਮਿਤੀ : 22-09-26

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੁਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

22/09/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ